# <u>ਪਬਲਿਕ ਨੋਟਿਸ</u>

ਆਮ ਪਬਲਿਕ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਆਟਾ-ਦਾਲ ਸਕੀਮ ਅਧੀਨ ਪਹਿਲਾਂ ਪ੍ਰਾਪਤ ਹੋਏ ਕਲੇਮ ਫਾਰਮਾਂ ਦੀ ਪੜਤਾਲ ਕਰਵਾਈ ਗਈ ਸੀ ਅਤੇ ਇਤਰਾਜ ਪ੍ਰਾਪਤ ਕੀਤੇ ਗਏ ਸਨ, ਮਗਰ ਫਿਰ ਵੀ ਡੁਪਲੀਕੇਟ ਕਲੇਮ ਫਾਰਮਾਂ ਦੀ ਬਹੁਤਾਤ ਹੋਣ ਕਰਕੇ ਮੁੜ ਪੜਤਾਲ ਕਰਵਾਈ ਗਈ ਜਿਸ ਵਿੱਚ ਇਸ ਉਪ ਮੰਡਲ ਵਿੱਚ <u>10934 ਯੋਗ 2174 ਅਯੋਗ</u> ਕਲੇਮ ਫਾਰਮ ਪਾਏ ਗਏ ਹਨ। ਇਹਨਾਂ ਯੋਗ ਅਤੇ ਅਯੋਗ ਲਾਭਪਾਤਰੀਆਂ ਦੀਆਂ ਸੂਚੀਆਂ ਦਫ਼ਤਰ ਉਪ-ਮੰਡਲ ਮੈਜਿਸਟਰੇਟ ਸਰਦੂਲਗੜ੍ਹ, ਨਗਰ ਪੰਚਾਇਤ ਦਫ਼ਤਰ ਸਰਦੂਲਗੜ੍ਹ, ਤਹਿਸੀਲ ਦਫਤਰ ਸਰਦੂਲਗੜ੍ਹ, ਬੀ.ਡੀ.ਪੀ.ਓ. ਦਫ਼ਤਰ ਸਰਦੂਲਗੜ੍ਹ ਅਤੇ ਸਬ-ਤਹਿਸੀਲ ਝੁਨੀਰ ਵਿਖੇ ਆਮ ਜਨਤਾ ਦੇ ਵਾਚਣ ਹਿਤ ਰੱਖੀਆਂ ਗਈਆਂ ਹਨ। ਅਗਰ ਕਿਸੇ ਨਾਗਰਿਕ ਨੂੰ ਕੋਈ ਇਤਰਾਜ ਹੋਵੇ ਤਾਂ ਉਹ ਕਿਸੇ ਸਰਕਾਰੀ ਕੰਮਕਾਜ ਵਾਲੇ ਦਿਨ ਸਵੇਰੇ 9-00 ਵਜੇ ਤੋਂ ਸ਼ਾਮ 5-00 ਵਜੇ ਤੱਕ ਮਿਤੀ 25-02-2014 ਤੋਂ ਪਹਿਲਾਂ ਆਪਣਾ ਇਤਰਾਜ ਲਿਖਤੀ ਰੂਪ ਵਿੱਚ ਨਿਮਨ ਹਸਤਾਖਰ ਨੂੰ ਦੇ ਸਕਦੇ ਹਨ ਜਿਨ੍ਹਾਂ ਦਾ ਨਿਪਟਾਰਾ ਸਰਕਾਰੀ ਹਦਾਇਤਾਂ ਅਨੁਸਾਰ ਕੀਤਾ ਜਾਵੇਗਾ। ਜੇਕਰ ਕੋਈ ਇਤਰਾਜ ਪ੍ਰਾਪਤ ਨਹੀਂ ਹੁੰਦਾ ਤਾਂ ਇਹ ਸੂਚੀਆਂ ਅੰਤਿਮ ਸਮਝੀਆਂ ਜਾਣਗੀਆਂ।

ਉਪ-ਮੰਡਲ ਮੈਜਿਸਟਰੇਟ,
ਸਰਦੂਲਗੜ੍ਹ।